PENDJABI / PUNJABI

# ਕੈਨੇਡਾ ਲਈ ਕੋਵਿਡ-19 ਵੈਕਸੀਨ ਬਾਰੇ ਅਹਿਮ ਜਾਣਕਾਰੀ

*ਕੈਨੇਡੀਅਨਜ਼ ਵਾਸਤੇ ਇਕ ਸੁਰੱਖਿਅਤ ਅਤੇ ਅਸਰਕਾਰੀ ਕੋਵਿਡ-19 ਵੈਕਸੀਨ ਲਿਆਉਣ ਲਈ ਸਰਗਰਮ*

ਕਿਸੇ ਵਾਇਰਸ ਨਾਲ ਲੱਗਣ ਵਾਲੀਆਂ ਬਿਮਾਰੀਆਂ ਦੇ ਫੈਲਾਅ ਨੂੰ ਰੋਕਣ ਲਈ ਅਤੇ ਉਨ੍ਹਾਂ ਦੇ ਅਸਰ ਨੂੰ ਘਟਾਉਣ ਲਈ ਵੈਕਸੀਨ ਸਭ ਤੋਂ ਅਸਰਕਾਰੀ ਤਰੀਕਿਆਂ ਵਿਚੋਂ ਇਕ ਹੈ, ਚਾਹੇ ਇਹ ਸੀਜ਼ਨਲ ਫਲੂ ਹੋਵੇ ਜਾਂ ਬਚਪਨ ਵਿਚ ਹੋਣ ਵਾਲੀਆਂ ਇਨਫੈਕਸ਼ਨਜ਼। ਕੋਵਿਡ-19 ਲਈ ਇਕ ਸੁਰੱਖਿਅਤ ਅਤੇ ਅਸਰਕਾਰੀ ਵੈਕਸੀਨ ਸਾਨੂੰ ਨਵੇਂ ਕਰੋਨਾਵਾਇਰਸ ਤੋਂ ਬਚਾਏਗੀ ਅਤੇ ਕੈਨੇਡਾ ਜਾਂ ਪੂਰੀ ਦੁਨੀਆ ਵਿਚ ਸੁਰੱਖਿਅਤ ਤਰੀਕੇ ਨਾਲ ਇਕ ਨੌਰਮਲ ਜ਼ਿੰਦਗੀ ਦੁਬਾਰਾ ਸ਼ੁਰੂ ਕਰਨ ਵੱਲ ਇਕ ਅਹਿਮ ਕਦਮ ਹੋਵੇਗੀ। ਇਕ ਸੁਰੱਖਿਅਤ ਅਤੇ ਅਸਰਕਾਰੀ ਵੈਕਸੀਨ ਅਤੇ ਸੰਬੰਧਤ ਹੋਰ ਸਪਲਾਈਆਂ ਪ੍ਰਾਪਤ ਕਰਨ ਲਈ ਕੈਨੇਡਾ ਸਰਕਾਰ ਹਰ ਸੰਭਵ ਮੋਰਚੇ ਤੇ ਕੰਮ ਕਰ ਰਹੀ ਹੈ। ਕੋਵਿਡ-19 ਵੈਕਸੀਨ ਦੇ ਭਵਿੱਖ ਬਾਰੇ ਕੈਨੇਡੀਅਨਾਂ ਨੂੰ ਇਹ ਗੱਲਾਂ ਜਾਣਨ ਦੀ ਲੋੜ ਹੈ।

**ਕੈਨੇਡਾ ਵਿਚ ਵਰਤੋਂ ਲਈ ਸਿਰਫ ਉਨ੍ਹਾਂ ਵੈਕਸੀਨਾਂ ਨੂੰ ਮਨਜ਼ੂਰੀ ਦਿੱਤੀ ਜਾਵੇਗੀ, ਜਿਹੜੀਆਂ ਸੁਰੱਖਿਅਤ ਅਤੇ ਅਸਰਕਾਰੀ ਹੋਣ।** ਡਰੱਗ ਅਤੇ ਵੈਕਸੀਨ ਰਿਵਿਊ, ਪ੍ਰਵਾਨਗੀ ਅਤੇ ਨਜ਼ਰਸਾਨੀ ਸਿਸਟਮ ਦੇ ਆਪਣੇ ਉੱਚ ਪੱਧਰੀ ਮਿਆਰਾਂ ਲਈ ਕੈਨੇਡਾ ਪੂਰੀ ਦੁਨੀਆ ਵਿਚ ਜਾਣਿਆ ਜਾਂਦਾ ਹੈ; ਅਤੇ ਇਨ੍ਹਾਂ ਮਿਆਰਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਕੈਨੇਡਾ ਸਰਕਾਰ ਕੋਲ ਸਭ ਤੋਂ ਵੱਧ ਉਮੀਦ ਵਾਲੀਆਂ ਵੈਕਸੀਨਾਂ ਦੇ ਮੈਨੂਫੈਕਚਰਰਜ਼ ਦੇ ਕਲਿਨਿਕਲ ਟਰਾਇਲਜ਼ ਨੂੰ ਨਾਲੋ-ਨਾਲ ਦੇਖਣ ਦਾ ਅਧਿਕਾਰ ਹੈ, ਅਤੇ ਕਿਸੇ ਵੈਕਸੀਨ ਨੂੰ ਮਨਜ਼ੂਰੀ ਦੇਣ ਤੋਂ ਪਹਿਲਾਂ ਇਹ ਯਕੀਨੀ ਬਣਾਉਣ ਲਈ ਕਿ ਉਹ ਸੁਰੱਖਿਅਤ ਅਤੇ ਅਸਰਕਾਰੀ ਹੋਵੇ, ਸਰਕਾਰ ਗਲੋਬਲ ਰੈਗੂਲੇਟਰਜ਼ ਨਾਲ ਮਿਲਕੇ ਕੰਮ ਕਰ ਰਹੀ

**ਵੈਕਸੀਨ ਹਰ ਕਿਸੇ ਨੂੰ ਮਿਲੇਗੀ।** ਬੇਮਿਸਾਲ ਗਲੋਬਲ ਫੰਡਿੰਗ ਅਤੇ ਸਹਿਯੋਗ ਸਦਕਾ ਇਸ ਵਕਤ ਸਾਰੀ ਦੁਨੀਆ ਵਿਚ 150 ਵੈਕਸੀਨ ਪ੍ਰਾਜੈਕਟਾਂ ਤੇ ਕੰਮ ਹੋ ਰਿਹਾ ਹੈ। ਕੈਨੇਡਾ ਸਰਕਾਰ ਵੀ ਮੇਡ-ਇਨ-ਕੈਨੇਡਾ ਰੀਸਰਚ ਵਿਚ ਨਿਵੇਸ਼ ਕਰ ਰਹੀ ਹੈ ਅਤੇ ਪਹਿਲਾਂ ਹੀ ਕਈ ਅਗੇਤੇ ਖਰੀਦ ਸਮਝੌਤੇ ਕਰ ਲਏ ਹਨ, ਜਿਹੜੇ ਕਿ ਸਾਰੀ ਦੁਨੀਆ ਵਿਚੋਂ ਸਭ ਤੋਂ ਵੱਧ ਸੰਭਾਵਨਾਵਾਂ ਵਾਲੀਆਂ ਵੈਕਸੀਨਾਂ ਦੀਆਂ ਕਈ ਮਿਲੀਅਨ ਡੋਜ਼ਜ਼ ਖਰੀਦਣ ਵਾਸਤੇ ਹਨ। ਇਸ ਨਾਲ ਤਿਆਰ ਹੁੰਦੇ ਸਾਰ ਹੀ ਕੈਨੇਡੀਅਨਜ਼ ਨੂੰ ਇਕ ਸੁਰੱਖਿਅਤ ਅਤੇ ਅਸਰਕਾਰੀ ਵੈਕਸੀਨ ਮਿਲ ਜਾਵੇਗੀ। ਸਾਰੀਆਂ ਵੈਕਸੀਨਾਂ ਨੇ ਕਾਮਯਾਬ ਨਹੀਂ ਹੋਣਾ, ਇਸ ਕਰਕੇ ਅਸੀਂ ਸਭ ਤੋਂ ਵੱਧ ਸੰਭਾਵਨਾਵਾਂ ਵਾਲੀਆਂ ਕੁੱਝ ਵੈਕਸੀਨਾਂ ਦੀ ਅਗੇਤੀ ਖਰੀਦ ਕਰ ਰਹੇ ਹਾਂ। ਹੈਲਥ ਕੈਨੇਡਾ ਇਸ ਗੱਲ ਤੇ ਧਿਆਨ ਦੇ ਰਿਹਾ ਹੈ ਕਿ ਉਹ ਜਲਦੀ ਤੋਂ ਜਲਦੀ ਕੋਵਿਡ-19 ਵੈਕਸੀਨਾਂ ਦਾ ਰਿਵਿਊ ਕਰੇ ਅਤੇ ਮਨਜ਼ੂਰੀ ਦੇਵੇ, ਅਤੇ ਨਾਲੋ ਨਾਲ ਇਹ ਯਕੀਨੀ ਵੀ ਬਣਾਵੇ ਕਿ ਉਨ੍ਹਾਂ ਦੀ ਚੰਗੀ ਤਰਾਂ ਨਿਰਖ-ਪਰਖ ਕੀਤੀ ਗਈ ਹੈ ਅਤੇ ਉਹ ਸੁਰੱਖਿਅਤ ਹਨ।

**ਸ਼ੁਰੂ ਵਿਚ ਕਿਉਂਕਿ ਸੀਮਤ ਮਿਕਦਾਰ ਹੋਵੇਗੀ, ਇਸ ਕਰਕੇ ਜਦੋਂ ਵੀ ਕੋਈ ਵੈਕਸੀਨ ਵਰਤੋਂ ਲਈ ਮਨਜ਼ੂਰ ਹੋ ਜਾਂਦੀ ਹੈ, ਕੁੱਝ ਅਹਿਮ ਵਰਗਾਂ ਨੂੰ ਪਹਿਲ ਦਿੱਤੀ ਜਾਵੇਗੀ।** ਹੈਲਥ ਕੈਨੇਡਾ ਦੁਆਰਾ ਕਿਸੇ ਵੈਕਸੀਨ ਨੂੰ ਮਨਜ਼ੂਰੀ ਦਿੱਤੇ ਜਾਣ ਤੋਂ ਬਾਦ ਪਹਿਲੇ ਹਫਤਿਆਂ ਅਤੇ ਮਹੀਨਿਆਂ ਵਿਚ ਸਾਡੇ ਕੋਲ ਕੁੱਝ ਮਿਲੀਅਨ ਡੋਜ਼ਜ਼ ਦੀ ਸਪਲਾਈ ਹੀ ਹੋਵੇਗੀ। ਇਸਦਾ ਮਤਲਬ ਹੈ ਕਿ ਸਰਕਾਰ ਨੈਸ਼ਨਲ ਅਡਵਾਈਜ਼ਰੀ ਕਮੇਟੀ ਔਨ ਇਮਯੂਨਾਈਜੇਸ਼ਨ ਵਰਗੇ ਮਾਹਰਾਂ ਦੇ ਅਜ਼ਾਦ ਗਰੁੱਪਾਂ ਨਾਲ ਮਿਲਕੇ ਕੰਮ ਕਰੇਗੀ ਅਤੇ ਵੈਕਸੀਨ ਦੇਣ ਲਈ ਪ੍ਰਾਥਮਿਕਤਾ ਸੰਬੰਧੀ ਫੈਸਲੇ ਉਨ੍ਹਾਂ ਦੀ ਸਲਾਹ ਨਾਲ ਲਵੇਗੀ। ਇਸ ਨਾਲ ਅਸੀਂ ਸਭ ਤੋਂ ਵੱਧ ਖਤਰੇ ਵਾਲੇ ਵਰਗਾਂ ਨੂੰ ਬਚਾਅ ਸਕਾਂਗੇ ਅਤੇ ਨਾਲ ਹੀ ਜਿਹੜੇ ਪਨਡੈਮਿਕ ਖਿਲਾਫ ਲੜਾਈ ਅਤੇ ਸਮਾਜ ਤੇ ਇਕੌਨੋਮੀ ਨੂੰ ਚਲਦਾ ਰੱਖਣ ਵਿਚ ਮਦਦ ਕਰ ਰਹੇ ਹਨ, ਉਨ੍ਹਾਂ ਨੂੰ ਸੁਰੱਖਿਅਤ ਕੀਤਾ ਜਾਵੇਗਾ। ਜਦੋਂ ਵਾਧੂ ਵੈਕਸੀਨ ਉਪਲਬਧ ਹੋ ਗਈ ਤਾਂ ਵੈਕਸੀਨੇਸ਼ਨ ਪ੍ਰੋਗਰਾਮ ਦਾ ਦਾਇਰਾ ਵਧਾ ਦਿੱਤਾ ਜਾਵੇਗਾ।

**ਇਮਯੂਨਿਟੀ ਬਣਨ ਵਿਚ ਵਕਤ ਲੱਗਦਾ ਹੈ।** ਕਿਸੇ ਨੂੰ ਸੁਰੱਖਿਅਤ ਰੱਖਣ ਲਈ ਹੋ ਸਕਦਾ ਹੈ ਕਿ ਇਕ ਡੋਜ਼ ਕਾਫੀ ਨਾ ਹੋਵੇ। ਲੋੜੀਂਦੀ ਇਮਯੂਨਿਟੀ ਬਣਾਉਣ ਲਈ ਤੁਹਾਨੂੰ ਦੂਜੇ ਸ਼ੌਟ ਦੀ ਲੋੜ ਪੈ ਸਕਦੀ ਹੈ। ਸਾਨੂੰ ਅਜੇ ਇਸ ਗਲ ਦਾ ਪਤਾ ਨਹੀਂ ਕਿ ਸਮੂਹਿਕ ਇਮਯੂਨਿਟੀ ਪ੍ਰਾਪਤ ਕਰਨ ਲਈ ਅਬਾਦੀ ਵਿਚ ਕਿਸ ਪੱਧਰ ਦੀ ਇਮਯੂਨਿਟੀ ਕਾਫੀ ਹੋਵੇਗੀ। ਉਸ ਵਕਤ ਤੱਕ ਕੈਨੇਡੀਅਨਜ਼ ਨੂੰ ਚਾਹੀਦਾ ਹੈ ਕਿ ਉਹ ਆਪਣੇ ਹੱਥ ਧੋਂਦੇ ਰਹਿਣ, ਬਿਮਾਰੀ ਵੇਲੇ ਘਰ ਰਹਿਣ, ਸਰੀਰਕ ਦੂਰੀ ਕਾਇਮ ਰੱਖਣ, ਮਾਸਕ ਪਹਿਨਣ, ਖੰਘਣ ਵੇਲੇ ਅਤੇ ਕਿਸੇ ਸਤਹ ਨੂੰ ਛੂਹਣ ਵੇਲੇ ਸਫਾਈ ਦਾ ਧਿਆਨ ਰੱਖਣ।

**ਕੋਵਿਡ-19 ਵੈਕਸੀਨ ਮੁਫ਼ਤ ਹੋਵੇਗੀ।** ਜਿਵੇਂ ਹੀ ਹੋਰ ਵੈਕਸੀਨਾਂ ਬਣਦੀਆਂ ਹਨ ਅਤੇ ਡਿਸਟ੍ਰੀਬਿਊਟ ਹੁੰਦੀਆਂ ਹਨ, ਸਾਨੂੰ ਉਮੀਦ ਹੈ ਕਿ ਅਸੀਂ ਹਰ ਕੈਨੇਡੀਅਨ ਨੂੰ ਫਰੀ ਵੈਕਸੀਨ ਦੇਣ ਦੇ ਸਮਰੱਥ ਹੋਵਾਂਗੇ। ਅਸੀਂ ਇਕ ਗਲੋਬਲ ਭਾਈਚਾਰੇ ਵਿਚ ਰਹਿ ਰਹੇ ਹਾਂ, ਇਸ ਕਰਕੇ ਅਸੀਂ ਇਹ ਅਹਿਦ ਵੀ ਕੀਤਾ ਹੈ ਕਿ ਦੁਨੀਆ ਦੇ ਘੱਟ ਜਾਂ ਮਿਡਲ-ਇਨਕਮ ਮੁਲਕਾਂ ਨੂੰ ਵੀ ਸੁਰੱਖਿਅਤ ਅਤੇ ਅਸਰਕਾਰੀ ਕੋਵਿਡ-19 ਵੈਕਸੀਨ ਮਿਲੇ। ਜਦੋਂ ਤੱਕ ਅਸੀਂ ਸਾਰੇ ਸੁਰੱਖਿਅਤ ਨਹੀਂ, ਸਾਨੂੰ ਬਿਮਾਰੀ ਦੇ ਦੁਬਾਰਾ ਪੈਦਾ ਹੋਣ ਦਾ ਖਤਰਾ ਬਣਿਆ ਰਹੇਗਾ।

**ਵੈਕਸੀਨ ਲੈਣਾ ਤੁਹਾਡਾ ਫੈਸਲਾ ਹੋਵੇਗਾ, ਜੋ ਤੁਹਾਨੂੰ ਆਪਣੇ ਆਪ, ਆਪਣੇ ਪਰਿਵਾਰ ਅਤੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਲਈ ਕਰਨਾ ਚਾਹੀਦਾ ਹੈ।** ਵੈਕਸੀਨ ਇਕ ਨਿੱਜੀ ਫੈਸਲਾ ਹੈ, ਜਿਸ ਬਾਰੇ ਬਹੁਗਿਣਤੀ ਕੈਨੇਡੀਅਨ ਸਹਿਮਤ ਹਨ ਕਿ ਇਹ ਚੰਗੀ ਸਿਹਤ ਦਾ ਇਕ ਹਿੱਸਾ ਹੈ ਅਤੇ ਗੰਭੀਰ ਬਿਮਾਰੀਆਂ ਤੋਂ ਰੋਕਥਾਮ ਲਈ ਅਹਿਮ ਹੈ।

**ਅਸੀਂ ਕੈਨੇਡੀਅਨਜ਼ ਨਾਲ ਮਿਲਕੇ ਕੰਮ ਕਰਨ ਅਤੇ ਤੁਹਾਨੂੰ ਸੂਚਿਤ ਰੱਖਣ ਲਈ ਵਚਨਬੱਧ ਹਾਂ।** ਹਾਲਾਤ ਬਦਲਣਗੇ ਅਤੇ ਸਾਡੀ ਸੋਚ ਵੀ ਬਦਲੇਗੀ। ਕੈਨੇਡੀਅਨਜ਼ ਵਾਸਤੇ ਇਕ ਸੁਰੱਖਿਅਤ ਅਤੇ ਅਸਰਕਾਰੀ ਕੋਵਿਡ-19 ਵੈਕਸੀਨ ਲਿਆਉਣ ਦੇ ਸਫਰ ਵਿਚ ਸਾਨੂੰ ਗਾਈਡ ਕਰਨ ਲਈ ਅਸੀਂ ਕੈਨੇਡਾ ਦੇ ਸਥਾਪਤ ਪਬਲਿਕ ਹੈਲਥ ਸਿਸਟਮ, ਖੋਜੀਆਂ ਦੀ ਮੁਹਾਰਤ ਅਤੇ ਸੋਚ, ਹੈਲਥ ਪ੍ਰੋਫੈਸ਼ਨਲਜ਼, ਇੰਡਸਟਰੀ, ਕਮਿਊਨਿਟੀ ਲੀਡਰਾਂ ਅਤੇ ਇੰਡਿਜਨਸ ਲੋਕਾਂ ਦੇ ਗਿਆਨ ਤੇ ਨਿਰਭਰ ਕਰਾਂਗੇ। ਤੁਸੀਂ Canada.ca/coronavirus ਤੇ ਜਾਕੇ ਆਪਣੇ ਆਪ ਨੂੰ ਅੱਪਡੇਟ ਕਰ ਸਕਦੇ ਹੋ ਅਤੇ ਜਾਣਕਾਰੀ ਦੇ ਭਰੋਸੇਯੋਗ ਸਰੋਤਾਂ ਤੇ ਭਰੋਸਾ ਰੱਖ ਸਕਦੇ ਹੋ।